# ਕੀ ਜਲਿਆਂਵਾਲੇ ਦੇ ਸ਼ਹੀਦ ਅਜ਼ਾਦੀ ਸੰਗਰਾਮੀਏ ਨਹੀਂ ਸਨ?

ਮਲਵਿੰਦਰ ਜੀਤ ਸਿੰਘ ਵੜੈਚ*

ਇਹਨੀਂ ਦਿਨੀਂ 13 ਅਪਰੈਲ 1919 ਦੇ ਘਲੂਘਾਰੇ ਦੀ ਸ਼ਤਾਬਦੀ ਮੌਕੇ ਉਕਤ ਸੁਆਲ ਬੇਤੁਕਾ ਜਿਹਾ ਹੀ ਲਗੇਗਾ, ਪਰ ਸੱਚ-ਮੁੱਚ ਹੀ 15 ਦਸੰਬਰ 2011 ਤੀਕ ਘਲੂਘਾਰੇ ਦੇ ਸ਼ਹੀਦਾਂ ਨੂੰ ਅਜੇਹੀ ਮਾਨਤਾ ਨਹੀਂ ਸੀ ਮਿਲੀ, ਜੋ ਮਿਲੀ ਸੀ ਮਾਨਯਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਤੋਂ ਮੇਰੇ ਵੱਲੋਂ ਦਾਇਰ ਕੀਤੀ ਜਨਹਿਤ ਪਟੀਸ਼ਨ (PIL) ਨੰ: 19096/2003 ਟਾਈਟਲਡ "ਮਲਵਿੰਦਰ ਸਿੰਘ ਵੜੈਚ ਬਨਾਮ ਯੂਨੀਅਨ ਔਫ਼ ਇੰਡੀਆ", ਬਾ ਅਦਾਲਤ ਮਾਨਯੋਗ ਮਿਸਟਰ ਜਸਟਿਸ ਐਮ.ਐਮ. ਕੁਮਾਰ ਅਤੇ ਮਿਸਟਰ ਜਸਟਿਸ ਰਾਜੀਵ ਨਰੈਣ ਰੈਨਾ ਦੁਆਰਾ।

**ਐਮ.ਐਮ. ਕੁਮਾਰ, ਜਸਟਿਸ ਵਲੋਂ:**

1. ਇਸ ਅਦਾਲਤ ਦੇ ਇਕ ਕੌਮਪ੍ਰਸਤ ਅਤੇ ਜੋਸ਼ ਭਰਪੂਰ ਵਕੀਲ, ਮਿਸਟਰ ਮਲਵਿੰਦਰ ਜੀਤ ਸਿੰਘ ਵੜੈਚ ਨੇ ਮੌਜੂਦਾ ਪਟੀਸ਼ਨ ਦਾਇਰ ਕਰਕੇ ਬਨਤੀ ਕੀਤੀ ਹੈ ਕਿ ਕੂਕਾ ਨਾਮਧਾਰੀ ਲਹਿਰ, 1871 ਦੀਆਂ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਤੇ ਉਹਨਾਂ ਦੇ ਨਾਵਾਂ ਨੂੰ ਸੁਤੰਤਰਤਾ ਸੈਨਿਕ ਸਮਾਨ ਪੈਨਸ਼ਨ ਸਕੀਮ, 1980 (ਸਖੇਪ 'ਚ '1980 ਸਕੀਮ') ਤਹਿਤ ਅਜ਼ਾਦੀ ਸੰਗਰਾਮੀਏ ਸਵੀਕਾਰ ਨਹੀਂ ਕੀਤਾ ਗਿਆ। ਬਿਨੈਕਾਰ ਭਾਰਤੀ ਅਜ਼ਾਦੀ ਦੀਆਂ ਲਹਿਰਾਂ ਅਤੇ ਵਿਦਰੋਹਾਂ ਦਾ ਇੱਕ ਖੋਜੀ ਹੈ ਅਤੇ ਇਸ ਵਿਸ਼ੇ ਤੇ ਉਹਨੇ ਕਈ ਕਿਤਾਬਾਂ ਵੀ ਪ੍ਰਕਾਸ਼ਤ ਕੀਤੀਆਂ ਹਨ। ਪਰ ਚੂੰਕਿ, ਹਿੰਦ ਸਰਕਾਰ, ਗ੍ਰਹਿ ਮੰਤਰਾਲੇ, ਸੁਤੰਤਰਤਾ ਸੰਗਰਾਮੀਏ ਮੰਡਲ, ਨੇ ਮਿਤੀ 13.12.2008 ਨੂੰ ਇੱਕ ਪੱਤਰ ਜਾਰੀ ਕਰਦਿਆਂ ਬਿਆਨਿਅ ਕਿ ਦੋਵੇਂ ਕੂਕਾ ਨਾਮਧਾਰੀ ਲਹਿਰ, 1871 ਅਤੇ ਜਲਿਆਂਵਾਲਾ ਬਾਗ ਘਲੂਘਾਰਾ, 1919 ਨੂੰ ਰਸਮੀ ਤੌਰ ਤੇ 1980 ਸਕੀਮ ਦੇ ਅਧੀਨ ਪੈਨਸ਼ਨ ਦੇਣ ਦੇ ਮੰਤਵ ਦੇ ਲਈ ਅਜ਼ਾਦੀ ਸੰਗਰਾਮੀਏ ਲਹਿਰਾਂ ਦੀ ਸੂਚੀ ਵਿੱਚ ਮਾਨਤਾ ਦੇ ਦਿੱਤੀ ਗਈ ਹੈ।

2. ਉਕਤ ਚਿੱਠੀ ਦੇ ਮੱਦੇ-ਨਜ਼ਰ ਇਹ ਰਿਟ ਪਈਸ਼ਨ ਬੇਮਾਅਨੀ ਹੋ ਜਾਣ ਕਰਕੇ ਤਦਅਨੁਸਾਰ ਸਿਰੇ ਲਾ ਦਿੱਤੀ ਗਈ ਹੈ।

(ਐਮ.ਐਮ. ਕੁਮਾਰ)
ਜੱਜ
(ਰਾਜੀਵ ਨਰੈਣ ਰੈਨਾ)
ਜੱਜ

ਦਸੰਬਰ 15, 2011

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich